# ਮਾਡਲ ਪ੍ਰਸ਼ਨ ਪੱਤਰ

## ਗ੍ਰਹਿ ਵਿਗਿਆਨ

## ਸ਼੍ਰੇਣੀ- ਦਸਵੀਂ

**(2025-26)**

### ਭਾਗ-I

ਵਸਤੂਨਿਸ਼ਠ ਪ੍ਰਸ਼ਨ (15×1=15)

(1) ਗ੍ਰਹਿ ਵਿਵਸਥਾ ਦੀ ਪਰਿਭਾਸ਼ਾ ਲਿਖੋ?

(2) ਘਰ ਦੀ ਲੋੜ ਦੇ ਮੁੱਖ ਦੋ ਕਾਰਨ ਦੱਸੋ?

(3) ਘਰੇਲੂ ਕੂੜੇ ਵਿੱਚ ਕਿਹੜੀਆਂ-ਕਿਹੜੀਆਂ ਚੀਜ਼ਾਂ ਹੁੰਦੀਆਂ ਹਨ?

(4) ਘਰ ਦੀ ਸਜਾਵਟ ਲਈ ਕਿਹੜੀਆਂ-ਕਿਹੜੀਆਂ ਚੀਜ਼ਾਂ ਦਾ ਪ੍ਰਯੋਗ ਹੁੰਦਾ ਹੈ?

(5) ਪ੍ਰੋਟੀਨ ਕਿਹੜੇ ਤੱਤਾਂ ਦਾ ਮਿਸ਼ਰਣ ਹੈ?

(6) ਵਿਟਾਮਿਨ ਸਾਡੇ ਰੱਖਿਅਕ ਤੱਤ ਕਿਉਂ ਹਨ?

(7) ਭੋਜਨ ਦੀ ਪਰਿਭਾਸ਼ਾ ਲਿਖੋ?

(8) ਸਬਜ਼ੀਆਂ ਵਿੱਚ ਕਿਹੜੇ-ਕਿਹੜੇ ਪੋਸ਼ਟਿਕ ਤੱਤ ਹੁੰਦੇ ਹਨ?

(9) ਪਰਿਵਾਰ ਦੀਆਂ ਮੁੱਖ ਕਿਸਮਾਂ ਕਿਹੜੀਆਂ ਹਨ?

(10) ਪਰਿਵਾਰ ਸਮਾਜ ਦੀ ................. ਇਕਾਈ ਹੈ।

(11) ਗਰਭ ਅਵਸਥਾ ਨੂੰ ਕਿੰਨੇ ਭਾਗਾਂ ਵਿੱਚ ਵੰਡ ਸਕਦੇ ਹਾਂ?

(12) ਪਲੈਸੈਟਾਂ ਕੀ ਹੁੰਦਾ ਹੈ?

(13) ਸਿਲਕ ਨੂੰ ਰੇਸ਼ਿਆਂ ਦੀ .......... ਕਿਹਾ ਜਾਂਦਾ ਹੈ।

(14) ਗਰਮੀਆਂ ਵਿੱਚ ........... ਤੋਂ ਬਣੇ ਕੱਪੜੇ ਪਹਿਨੇ ਜਾਂਦੇ ਹਨ।

(15) ਥਰਮੋਪਲਾਸਟਿਕ ਰੇਸ਼ਿਆਂ ਤੋਂ ਕੀ ਭਾਵ ਹੈ?

## ਭਾਗ-II

ਛੋਟੇ ਪ੍ਰਸ਼ਨਾਂ ਦੇ ਉੱਤਰ ਦਿਉ। ਹਰੇਕ ਪ੍ਰਸ਼ਨ ਦੇ ਤਿੰਨ ਅੰਕ ਹਨ। (7×3=21)

(16) ਕੂੜਾ-ਕਰਕਟ ਤੋਂ ਖਾਦ ਕਿਵੇਂ ਬਣਾਈ ਜਾਂਦੀ ਹੈ?

(17) ਉਪਚਾਰਿਕ ਅਤੇ ਅਣ-ਉਪਚਾਰਿਕ ਸੰਤੁਲਨ ਵਿੱਚ ਕੀ ਅੰਤਰ ਹੈ?

ਜਾਂ

ਪਰਦੇ ਲਗਾਉਣ ਦੇ ਕੀ ਲਾਭ ਹਨ? ਪਰਦਿਆਂ ਲਈ ਕਿਹੋ ਜਿਹਾ ਕੱਪੜਾ ਖਰੀਦਣਾ ਚਾਹੀਦਾ ਹੈ?

(18) ਕਾਰਬੋਹਾਈਡ੍ਰੇਟਸ ਸਰੀਰ ਵਿੱਚ ਕੀ ਕੰਮ ਕਰਦੇ ਹਨ?

(19) ਵਿਟਾਮਿਨ ਏ ਦਾ ਮੁੱਖ ਕੰਮ ਕੀ ਹੈ? ਇਸ ਦੀ ਪ੍ਰਾਪਤੀ ਦੇ ਸ੍ਰੋਤ ਲਿਖੋ।

ਜਾਂ

ਕਿਸੇ ਤਿੰਨ ਭੋਜਨ ਸਮੂਹਾਂ ਦੇ ਖੁਰਾਕੀ ਤੱਤਾਂ ਬਾਰੇ ਲਿਖੋ।

(20) ਸੰਯੁਕਤ ਪਰਿਵਾਰ ਹੋਣ ਦੇ ਕੀ ਨੁਕਸਾਨ ਹਨ?

(21) ਗਰਭ ਅਵਸਥਾ ਦੇ ਸਮੇਂ ਭਰੂਣ ਤੇ ਅਸਰ ਪਾਉਣ ਵਾਲੇ ਕਾਰਕ ਦੱਸੋ।

ਜਾਂ

ਬੱਚਿਆਂ ਵਿੱਚ ਫਾਸਲਾ ਰੱਖਣ ਦਾ ਕੀ ਮਹੱਤਵ ਹੈ?

(22) ਲਿਨਨ ਕਿਹੋ ਜਿਹਾ ਰੇਸ਼ਾ ਹੈ? ਇਸ ਦੇ ਕੀ ਗੁਣ ਹਨ?

ਜਾਂ

ਧਾਤਾਂ ਤੋਂ ਪ੍ਰਾਪਤ ਹੋਣ ਵਾਲੇ ਰੇਸ਼ੇ ਕਿਹੜੇ-ਕਿਹੜੇ ਹਨ? ਉਹਨਾਂ ਬਾਰੇ ਦੱਸੋ।

## ਭਾਗ-III

ਨਿੰਬਧਾਤਮਕ ਪ੍ਰਸ਼ਨਾਂ ਦੇ ਉੱਤਰ ਲਿਖੋ। (4×6=24)

(23) ਚੰਗੇ ਪ੍ਰਬੰਧਕ ਵਿੱਚ ਕੀ ਗੁਣ ਹੋਣੇ ਜ਼ਰੂਰੀ ਹਨ?

ਜਾਂ

ਡਿਜ਼ਾਇਨ ਦੇ ਮੂਲ ਸਿਧਾਂਤ ਕਿਹੜੇ ਹਨ? ਇਹਨਾਂ ਬਾਰੇ ਪਤਾ ਹੋਣਾ ਕਿਉਂ ਜ਼ਰੂਰੀ ਹੈ?

(24) ਚਰਬੀ ਵਿੱਚ ਘੁਲਣਸ਼ੀਲ ਵਿਟਾਮਿਨ ਕਿਹੜੇ ਹਨ, ਸਾਡੇ ਸਰੀਰ ਵਿੱਚ ਕੀ ਕੰਮ ਕਰਦੇ ਹਨ ਅਤੇ ਕਿੱਥੋਂ ਪ੍ਰਾਪਤ ਕੀਤੇ ਜਾ ਸਕਦੇ ਹਨ?

ਜਾਂ

ਸੰਤੁਲਿਤ ਭੋਜਨ ਦੀ ਮਾਤਰਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕ ਦੱਸੋ।

(25) ਆਰਥਿਕ ਖੁਸ਼ਹਾਲੀ ਲਈ ਬੱਚਿਆਂ ਵਿੱਚ ਫਾਸਲਾ ਹੋਣਾ ਕਿਉਂ ਜ਼ਰੂਰੀ ਹੈ?

ਜਾਂ

ਗਰਭ ਅਵਸਥਾ ਦੌਰਾਨ ਭਰੂਣ ਦੀਆਂ ਵੱਖ-ਵੱਖ ਅਵਸਥਾਵਾਂ ਬਾਰੇ ਲਿਖੋ।

(26) ਕੁਦਰਤ ਵਿੱਚ ਮਿਲਣ ਵਾਲੇ ਰੇਸ਼ੇ ਕਿਹੜੇ ਹਨ? ਕਿਸੇ ਇੱਕ ਰੇਸ਼ੇ ਦੀ ਵਿਸ਼ੇਸ਼ਤਾ, ਰਚਨਾ ਅਤੇ ਦੇਖਭਾਲ ਦੱਸੋ।

ਜਾਂ

ਥਰਮੋਪਲਾਸਟਿਕ ਰੇਸ਼ੇ ਕੀ ਹੁੰਦੇ ਹਨ? ਇਹਨਾਂ ਦੀ ਵਰਤੋਂ ਅਤੇ ਵਿਸ਼ੇਸ਼ਤਾਵਾਂ ਦੱਸੋ।